# ਕਾਕਾ ਬੱਲੀ

## ਬਾਲ ਗੀਤ



ਅਮਰਪ੍ਰੀਤ ਸਿੰਘ ਝੀਤਾ
ਨੰਗਲ ਅੰਬੀਆ (ਸ਼ਾਹਕੋਟ)

www.punjabilibrary.com

# ਕਾਕਾ ਬੱਲੀ

(ਬਾਲ ਗੀਤ)

ਲੇਖਕ

ਅਮਰਪ੍ਰੀਤ ਸਿੰਘ ਝੀਤਾ

ਹਜ਼ੂਰੀਆ ਐਂਡ ਸੰਨਜ਼

ਚੌਂਕ ਅੱਡਾ ਟਾਂਡਾ, ਜਲੰਧਰ



www.punjabilibrary.com

## ਤਤਕਰਾ


1 ਕਾਕਾ-ਬੱਲੀ .......................... 04

2 ਕੇਲਾ .................................. 05

3 ਚੱਕਰ ................................ 06

4 ਗੋਲਾ .................................. 07

5 ਆਇਤ .............................. 08

6 ਵਰਗ ................................ 09

7 ਆਇਆ ਕਾਕਾ ..................... 10

8 ਪੰਦਰਾਂ ਅਗਸਤ .................... 12

9 ਮਦਾਰੀ ............................. 14

10 ਸਪੇਰਾ .............................. 16

11 ਜਨਮ-ਦਿਨ ......................... 18

12 ਸਕੂਲ ............................... 20

13 ਅਧਿਆਪਕ ....................... 22

14 ਸੂਰਜੀ ਪਰਿਵਾਰ .................. 24

15 ਨਤੀਜਾ ............................. 26

16 ਹੋਲੀ ਦਾ ਦਿਨ ..................... 28

17 ਸਿਹਤ ਬਣਾਈਏ .................. 30

18 ਗਣਤੰਤਰ ਦਿਵਸ .................. 32


# KAKA-BALLI

(BAAL GEET)


**AMARPREET SINGH JHITA**

VPO. NANGAL AMBIA

TEHSIL SHAHKOT

(JALANDHAR)

MOBILE: 97791-91447

E-Mail: net4jhita@gmail.com



© ਸਭ ਹੱਕ ਲੇਖਕ ਕੋਲ ਰਾਖਵੇਂ ਹਨ।



ISBN-"978-81-935584-4-7"

ਪ੍ਰਕਾਸ਼ਕ : ਹਜ਼ੂਰੀਆ ਐਂਡ ਸੰਨਜ਼, ਜਲੰਧਰ।

ਛਾਪਕ : ਪ੍ਰੀਤਮ ਜੋਤ ਪ੍ਰਿੰਟਿੰਗ ਪ੍ਰੈੱਸ, ਜਲੰਧਰ।

ਪਹਿਲੀ ਵਾਰ : 2019

ਮੁੱਲ : 100/-





www.punjabilibrary.com

# ਸਮਰਪਿਤ

**ਆਪਣੇ ਮਾਤਾ-ਪਿਤਾ, ਘਰ ਦੀ ਰੌਣਕ- ਗੁਰਕੀਰਤ ਸਿੰਘ, ਨਵਕਿਰਨ ਕੌਰ, ਹਰਨੂਰ ਸਿੰਘ ਅਤੇ ਸਮੂਹ ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਦੇ ਅਟੁੱਟ ਸਨੇਹ ਪਿਆਰ ਨੂੰ ...**

# ਮੇਰੇ ਵੱਲੋਂ.....

ਆਪਣੀ ਤੀਜੀ ਪੁਸਤਕ '**ਕਾਕਾ ਬੱਲੀ**' ਵਿਚਲੀਆਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਬੱਚਿਆਂ ਨੂੰ ਗਣਿਤਕ ਆਕ੍ਰਿਤੀਆਂ ਸਮੇਤ ਵੱਖ-ਵੱਖ ਵਿਸ਼ਿਆਂ ਤੋਂ ਜਾਣੂੰ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ।ਬੱਚਿਆਂ ਅੰਦਰ ਚੰਗੀਆਂ ਆਦਤਾਂ, ਵਿਗਿਆਨਕ ਸੋਚ ਨੂੰ ਵਧਾਉਣ ਦੇ ਨਾਲ-ਨਾਲ ਗਣਤੰਤਰ ਦਿਵਸ ਤੇ ਆਜ਼ਾਦੀ ਦਿਵਸ ਬਾਰੇ ਦੱਸ ਕੇ ਦੇਸ ਪ੍ਰੇਮ ਨੂੰ ਵਧਾ ਕੇ ਜਿੰਮੇਵਾਰ ਨਾਗਰਿਕ ਬਣਾਉਣ ਦਾ ਉਪਰਾਲਾ ਕੀਤਾ ਹੈ।

ਮੈਂ ਆਪਣੇ ਪਾਠਕਾਂ ਦਾ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਮੇਰੀਆਂ ਪਹਿਲੀਆਂ ਦੋਨਾਂ ਪੁਸਤਕਾਂ (**ਬੀਬੇ ਰਾਣੇ** ਅਤੇ **ਪੰਖੇਰੂ**) ਨੂੰ ਅਥਾਹ ਪਿਆਰ ਬਖਸ਼ਿਆ ਅਤੇ ਬੱਚਿਆਂ ਲਈ ਜਾਣਕਾਰੀ ਭਰਪੂਰ ਹੋਰ ਬਾਲ ਸਾਹਿਤ ਸਿਰਜਣ ਲਈ ਉਤਸ਼ਾਹਿਤ ਕੀਤਾ।

ਮੈਨੂੰ ਪੂਰੀ ਉਮੀਦ ਹੈ ਕਿ ਮੇਰੀ ਇਸ ਪੁਸਤਕ ਵਿਚਲੇ ਗੀਤ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜੀ ਰੱਖਣ ਦੇ ਨਾਲ ਨਾਲ ਵੱਖ-ਵੱਖ ਵਿਸ਼ਿਆਂ ਨੂੰ ਸਿੱਖਣ ਅਤੇ ਬੱਚਿਆਂ ਅੰਦਰ ਅਧਿਆਪਕਾਂ ਪ੍ਰਤੀ ਆਦਰ ਨੂੰ ਵਧਾਉਣ 'ਚ ਮਦਦਗਾਰ ਹੋਣਗੇ। ਆਪਣੇ ਪਾਠਕਾਂ ਅਤੇ ਮਿੱਤਰਾਂ ਦੇ ਉਤਸ਼ਾਹੀ, ਪ੍ਰੇਰਣਾਦਾਇਕ ਅਤੇ ਬੇਸ਼ਕੀਮਤੀ ਸੁਝਾਵਾਂ ਦੀ ਉਡੀਕ ਵਿੱਚ...

ਤੁਹਾਡਾ ਆਪਣਾ,

**ਅਮਰਪ੍ਰੀਤ ਸਿੰਘ ਝੀਤਾ S/O ਸ. ਦਰਸ਼ਨ ਸਿੰਘ ਝੀਤਾ**
ਬੀ.ਐਸ.ਸੀ. (ਇਕਨਾਮਿਕਸ), ਬੀ.ਐਡ., ਐੱਮ.ਏ. (ਇਕਨਾਮਿਕਸ)
ਪਿੰਡ ਤੇ ਡਾਕਖ਼ਾਨਾ - ਨੰਗਲ ਅੰਬੀਆ
ਤਹਿਸੀਲ - ਸ਼ਾਹਕੋਟ
ਜ਼ਿਲ੍ਹਾ - ਜਲੰਧਰ
ਪੰਜਾਬ - 144703
ਮੋਬਾਈਲ - 9779191447
**E-Mail** – net4jhita@gmail.com



www.punjabilibrary.com

# 1 ਕਾਕਾ–ਬੱਲੀ




ਕਾਕਾ - ਬੱਲੀ, ਕਾਕਾ - ਬੱਲੀ।
ਚਾਂਈ - ਚਾਂਈ, ਸਕੂਲੇ ਚੱਲੀਂ।
ਜਲਦੀ ਉੱਠਕੇ ਤੂੰ ਨਹਾਈਂ।
ਸਾਫ ਸੋਹਣੀ ਵਰਦੀ ਪਾਈਂ।
ਰੋਟੀ ਖਾਈਂ ਤੂੰ ਰੱਜ ਕੇ।
ਜਾਈਂ ਸਕੂਲੇ ਤੂੰ ਭੱਜ ਕੇ।
ਸਤਿ ਸ੍ਰੀ ਅਕਾਲ ਬੁਲਾਈਂ।
ਮਨ ਲਗਾ ਕੇ ਕਰੀਂ ਪੜ੍ਹਾਈ।
ਅਮਰਪ੍ਰੀਤ ਦਾ ਇਹ ਕਹਿਣਾ।
ਵਿਦਿਆ ਹੈ ਅਣਮੋਲ ਗਹਿਣਾ।



www.punjabilibrary.com

# 2 ਕੇਲਾ




ਮੈਨੂੰ ਕੇਲਾ ਬੜਾ ਪਸੰਦ।
ਪੀਲਾ-ਪੀਲਾ ਇਸਦਾ ਰੰਗ।
ਬਾਹਰੋਂ ਪੀਲਾ,ਅੰਦਰੋਂ ਚਿੱਟਾ।
ਖਾਣ ਵਿੱਚ ਬੜਾ ਹੀ ਮਿੱਠਾ।
ਭੁੱਖ ਤੇ ਪਿਆਸ ਨੂੰ ਮਿਟਾਏ।
ਸਭਨਾਂ ਨੂੰ ਬੜਾ ਮਨ ਭਾਏ।



www.punjabilibrary.com

## 3 ਚੱਕਰ





ਪਹੀਆ,ਕੜਾ ਤੇ ਵੇਖੋ ਵੰਗ।
ਅੰਦਰੋਂ ਖਾਲੀ,ਪਾਸਿਓ ਬੰਦ।
ਚੱਕਰ ਦੀ ਨੇ ਇਹ ਮਿਸਾਲ।
ਬੰਦ ਆਕ੍ਰਿਤੀ ਕਰੇ ਕਮਾਲ।
ਇਸਦਾ ਹੋਵੇ ਇੱਕੋ ਕੇਂਦਰ।
ਹੁੰਦਾ ਹੈ ਚੱਕਰ ਦੇ ਅੰਦਰ।
ਵਿਆਸ ਦੱਸਦਾ ਹੈ ਆਕਾਰ।
ਬਣਾਓ ਚੱਕਰ ਨਾਲ ਪ੍ਰਕਾਰ।
ਘੇਰਾ ਹੋਵੇ ਇਸਦੀ ਲੰਬਾਈ।
ਅਮਰਪ੍ਰੀਤ ਨੇ ਗੱਲ ਸਮਝਾਈ।



www.punjabilibrary.com

# 4 ਗੋਲਾ




ਮੈਂ ਹਾਂ ਗੋਲਾ ਗੋਲ-ਮਟੋਲ।
ਮੈਨੂੰ ਦੇਖਿਆ ਛੇਤੀ ਬੋਲ।
ਸਭ ਪਾਸਿਓ ਹੋਵਾਂ ਬੰਦ।
ਮੈਂ ਨਾ ਪਹੀਆ,ਨਾ ਹੀ ਵੰਗ।
ਗੇਂਦ, ਫੁੱਟਬਾਲ ਵਾਂਗੂ ਲੱਗਾਂ।
ਗੋਲ ਮਟੋਲ ਬੜਾ ਹੀ ਫੱਬਾਂ।
ਕਈਆਂ ਟੈਂਕੀ ਗੋਲ ਰਖਾਈ।
ਅਮਰਪ੍ਰੀਤ ਨੇ ਗੱਲ ਸਮਝਾਈ।




www.punjabilibrary.com

# 5 ਆਇਤ



ਆਇਤ ਬੱਚਿਓ! ਮੇਰਾ ਨਾਂ।
ਮੈਨੂੰ ਹੀ ਦੇਖੋਗੇ ਹਰ ਥਾਂ।
ਦਰਵਾਜ਼ਾ,ਖਿੜਕੀ ਮੇਰੇ ਵਰਗੇ।
ਕਿਤਾਬ, ਰਜਿਸਟਰ ਦੇ ਵਰਕੇ।
ਮੇਰੀਆਂ ਹੋਣ ਚਾਰ ਭੁਜਾਵਾਂ।
ਹਰ ਖੂੰਜੇ ਸਮਕੋਣ ਬਣਾਵਾਂ।
ਸਨਮੁੱਖ ਪਾਸੇ ਇੱਕ ਸਮਾਨ।
ਅਮਰ ਸਰ ਇਹ ਸਮਝਾਣ।
ਲੰਬਾ ਪਾਸਾ ਹੋਵੇ ਲੰਬਾਈ।
ਛੋਟੇ ਨੂੰ ਕਹਿੰਦੇ ਚੌੜਾਈ।
ਜਦੋਂ ਪਤਾ ਖ਼ੇਤਰਫਲ ਕਰਨਾ।
ਲੰਬਾਈ ਗੁਣਾ ਚੌੜਾਈ ਕਰਨਾ।

## 6 ਵਰਗ



ਬੱਚਿਓ! ਮੈਨੂੰ ਵਰਗ ਹੈ ਕਹਿੰਦੇ।
ਚਾਰੋਂ ਪਾਸੇ ਬਰਾਬਰ ਹੀ ਰਹਿੰਦੇ।
ਮੇਰੀਆਂ ਚਾਰ ਬਰਾਬਰ ਭੁਜਾਵਾਂ।
ਹਰੇਕ ਖੂੰਜੇ ਸਮਕੋਣ ਬਣਾਵਾਂ।
ਸ਼ਤਰੰਜ ਦਾ ਮੇਰੇ ਵਾਂਗ ਆਕਾਰ।
ਚਤਰਭੁਜ ਹੈ ਮੇਰਾ ਪਰਿਵਾਰ।
ਭੁਜਾ ਗੁਣਾ ਭੁਜਾ ਕਰਦੇ ਜਾਓ।
ਖ਼ੇਤਰਫਲ ਦਾ ਪਤਾ ਲਗਾਓ।



www.punjabilibrary.com

## 7 ਆਇਆ ਕਾਕਾ



ਸਾਡੇ ਘਰ ਵਿੱਚ ਆਇਆ ਕਾਕਾ।
ਮੇਰਾ ਛੋਟਾ ਵੀਰ ਕਹਾਇਆ ਕਾਕਾ।

ਮੰਮੀ ਪਾਪਾ ਨੂੰ ਹੋਵੇ ਵਧਾਈ।
ਘਰ ਸਾਡੇ ਹੈ ਰੌਣਕ ਆਈ।
ਸਭ ਨੂੰ ਚਾਅ ਚੜ੍ਹਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।

ਦੀਦੀ ਕਹਿ ਮੈਨੂੰ ਬੁਲਾਊਂ।
ਖੇਡਾਂ ਉਸਨੂੰ ਮੈਂ ਖਿਡਾਊਂ।
ਚੱਕ ਮੋਢੇ ਨਾਲ ਲਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।



www.punjabilibrary.com

ਕੀਰਤ,ਨਵੀ ਦਾ ਵੀਰਾ ਕਾਕਾ।
ਕੁੱਛੜ ਚੁੱਕ ਖਿਡਾਵੇ ਚਾਚਾ।

ਸਾਨੂੰ ਦੇਖ ਮੁਸਕਰਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।

ਦਾਦਾ ਦਾਦੀ ਨੂੰ ਖੁਸ਼ੀਆਂ ਚੜ੍ਹੀਆਂ।
ਨਾਨਾ ਨਾਨੀ ਨੂੰ ਵਧਾਈਆਂ ਬੜੀਆਂ।
ਮਾਮਾ ਵੇਖਣ ਆਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।

ਚਾਚਾ ਚਾਚੀ ਜੀ ਵੇਖਣ ਆਏ।
ਕਾਕੇ ਲਈ ਖਿਡੌਣੇ ਲਿਆਏ।
ਸਭ ਦੇ ਮਨ ਨੂੰ ਭਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।

ਵਾਹਿਗੁਰੂ ਜੀ ਕਿਰਪਾ ਰੱਖਣਾ।
ਚੰਗੀ ਸਿਹਤ,ਸਿੱਖਿਆ ਬਖਸ਼ਣਾ।
ਹਰਨੂਰ ਸਿੰਘ ਅਖਵਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।

ਘਰ ਦੀ ਰੌਣਕ ਹੁੰਦੇ ਬੱਚੇ।
ਦਿਲ ਦੇ ਸਾਫ,ਮਨ ਦੇ ਸੱਚੇ।
ਬਚਪਨ ਚੇਤੇ ਕਰਾਇਆ ਕਾਕਾ।
ਸਾਡੇ ਘਰ ਵਿੱਚ ਆਇਆ ਕਾਕਾ।



www.punjabilibrary.com

## 8 ਪੰਦਰਾਂ ਅਗਸਤ



ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।
ਸਭ ਪਾਸੇ ਆਜ਼ਾਦੀ ਦਾ ਜਸ਼ਨ ਛਾ ਗਿਆ।

ਕਰ ਕੁਰਬਾਨੀਆਂ ਇਹ ਦਿਨ ਆਇਆ ਹੈ।
ਸੂਰਬੀਰਾਂ ਦੇ ਸ਼ਹੀਦੀਆਂ ਮੁੱਲ ਪਾਇਆ ਹੈ।
ਗੁਲਾਮੀ ਨੂੰ ਆਜ਼ਾਦੀ ਦਾ ਚਾਨਣ ਖਾ ਗਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।

ਯਾਦ ਕਰੋ ਸਰਾਭੇ, ਭਗਤ ਸਿੰਘ ਵੀਰਾਂ ਨੂੰ।
ਸੀਸ ਝੁਕਾਓ ਊਧਮ ਸਿੰਘ ਸੂਰਬੀਰਾਂ ਨੂੰ।
ਪੰਜਾਬ ਕੇਸਰੀ ਲਾਲਾ ਲਾਜਪਤ ਕਹਾ ਗਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।



www.punjabilibrary.com

ਮਹਾਤਮਾ ਗਾਂਧੀ ਦੇਸ਼ ਲਈ ਅਨਸ਼ਨ ਕਰ ਗਏ।
ਬੋਸ ਤੇ ਅਜ਼ਾਦ ਵੀ ਅੰਗਰੇਜ਼ਾਂ ਨਾਲ ਲੜ ਗਏ।
ਗੀਤ ਆਜ਼ਾਦੀ ਦੇ ਬਿਸਮਿਲ ਗਾ ਗਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।

ਰਾਜਗੁਰੂ,ਸੁਖਦੇਵ ਵੀਰੇ ਜਾਨਾਂ ਵਾਰ ਗਏ।
ਭਗਤ ਸਿੰਘ ਸੰਗ ਜਿੰਦ ਸੂਲੀ ਚਾੜ ਗਏ।
ਰੱਸਾ ਫਾਂਸੀ ਵਾਲਾ ਹੱਸ ਗਲ ਪਾ ਲਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।

ਉੱਨੀ ਸੌ ਸੰਤਾਲੀ ਸੀ ਸਾਲ ਜਦੋਂ ਆਇਆ।
ਸੂਰਬੀਰਾਂ ਰਲ ਅੰਗਰੇਜ਼ ਸੀ ਭਜਾਇਆ।
ਸ਼ਹੀਦਾਂ ਦਾ ਸਿਦਕ ਸਭ ਨੂੰ ਜਗਾ ਗਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।

ਦੇਸ ਭਗਤਾਂ ਦੇ ਖ਼ਾਬ ਪੂਰੇ ਰੱਲ ਕਰੀਏ।
ਸੱਚੇ ਦਿਲੋਂ ਦੇਸ ਸੇਵਾ ਸਭ ਚੱਲ ਕਰੀਏ।
ਅਮਰਪ੍ਰੀਤ ਸਭ ਨੂੰ ਇਹ ਸਮਝਾ ਗਿਆ।
ਪੰਦਰਾਂ ਅਗਸਤ ਵਾਲਾ ਦਿਨ ਆ ਗਿਆ।
ਸਭ ਪਾਸੇ ਆਜ਼ਾਦੀ ਦਾ ਜਸ਼ਨ ਛਾ ਗਿਆ।





www.punjabilibrary.com

# 9 ਮਦਾਰੀ



ਸਾਡੇ ਪਿੰਡ ਮਦਾਰੀ ਆਇਆ।
ਮਦਾਰੀ ਆਇਆ,ਮਦਾਰੀ ਆਇਆ।
ਆਪਣੇ ਨਾਲ ਬਾਂਦਰ ਲਿਆਇਆ।
ਬਾਂਦਰ ਲਿਆਇਆ,ਬਾਂਦਰ ਲਿਆਇਆ।

ਮਦਾਰੀ ਡੁੱਗ-ਡੁੱਗੀ ਵਜਾਏ।
ਬਾਂਦਰ ਛਾਲਾਂ ਮਾਰ ਦਿਖਾਏ।
ਬੱਚਿਆਂ ਨੇ ਖੂਬ ਰੌਲਾ ਪਾਇਆ।
ਰੌਲਾ ਪਾਇਆ, ਰੌਲਾ ਪਾਇਆ।

ਨੀਲੀ ਕਮੀਜ਼ ਬਾਂਦਰ ਨੇ ਪਾਈ।
ਟੌਹਰ ਬਾਂਦਰੀ ਕੱਢ ਕੇ ਆਈ।
ਗੱਡਾ ਬਾਂਦਰ ਖਿੱਚ ਲਿਆਇਆ।
ਖਿੱਚ ਲਿਆਇਆ,ਖਿੱਚ ਲਿਆਇਆ।



www.punjabilibrary.com

ਦੋਹਾਂ ਨੂੰ ਸੀ ਕੋਲ ਬਿਠਾ ਕੇ।
ਗੱਲ ਉਨ੍ਹਾਂ ਨੂੰ ਸਮਝਾ ਕੇ।
ਫਿਰ ਦੋਹਾਂ ਦਾ ਵਿਆਹ ਰਚਾਇਆ।
ਵਿਆਹ ਰਚਾਇਆ,ਵਿਆਹ ਰਚਾਇਆ।

ਦੋਨੋਂ ਬਣ ਗਏ ਲਾੜਾ-ਲਾੜੀ।
ਲੱਗੇ ਲੜਨ ਫਿਰ ਵਾਰੋਂ-ਵਾਰੀ।
ਅੱਖਾਂ ਕੱਢ ਦੋਹਾਂ ਡਰਾਇਆ।
ਦੋਹਾਂ ਡਰਾਇਆ,ਦੋਹਾਂ ਡਰਾਇਆ।

ਅਮਰਪ੍ਰੀਤ ਨੇ ਗੱਲ ਸਮਝਾਈ।
ਚੰਗੀ ਨਾ ਹੁੰਦੀ ਕਦੇ ਲੜਾਈ।
ਦੋਹਾਂ ਨੇ ਫਿਰ ਨੱਚ ਦਿਖਾਇਆ।
ਨੱਚ ਦਿਖਾਇਆ,ਨੱਚ ਦਿਖਾਇਆ।

ਸਾਡੇ ਪਿੰਡ ਮਦਾਰੀ ਆਇਆ।
ਮਦਾਰੀ ਆਇਆ,ਮਦਾਰੀ ਆਇਆ।
ਦੇਖ ਤਮਾਸ਼ਾ ਮਜ਼ਾ ਬੜਾ ਆਇਆ।
ਮਜ਼ਾ ਬੜਾ ਆਇਆ, ਮਜ਼ਾ ਬੜਾ ਆਇਆ।





www.punjabilibrary.com

## 10 ਸਪੇਰਾ



ਇੱਕ ਦਿਨ ਪਿੰਡ ਸਪੇਰਾ ਆਇਆ।
ਬੋਝੇ ਉਹਨੇ ਪਿਟਾਰਾ ਸੀ ਪਾਇਆ।
ਭਿੰਨੀ-ਭਿੰਨੀ ਉਹ ਬੀਂਨ ਵਜਾਏ।
ਧੁੰਨ ਸੁਣਕੇ ਮਜ਼ਾ ਬੜਾ ਆਏ।
ਜਦੋਂ ਪਿਟਾਰਾ ਖੋਲ੍ਹ ਦਿਖਾਇਆ।
ਫਨੀਅਰ ਸੱਪ ਨੇ ਫੰਨ ਉਠਾਇਆ।



www.punjabilibrary.com

ਬੀਨ ਦੇਖ ਸਿਰ ਸੱਪ ਹਿਲਾਏ।
ਬਿਨਾਂ ਕੰਨਾਂ ਤੋਂ ਸੁਣ ਨਾ ਪਾਏ।
ਗਰਮੀ, ਧਮਕ ਮਹਿਸੂਸ ਕਰਦਾ।
ਮਾਰੇ ਫੁੰਕਾਰਾ ਜਦੋਂ ਇਹ ਡਰਦਾ।
ਜਦ ਕੋਈ ਕਰਦਾ ਇਸਨੂੰ ਤੰਗ।
ਝੱਟਪੱਟ ਮਾਰ ਦਿੰਦਾ ਇਹ ਡੰਗ।
ਅਮਰਪ੍ਰੀਤ ਦਾ ਇਹੀਓ ਕਹਿਣਾ।
ਬੱਚਿਓ! ਇਸ ਤੋਂ ਬੱਚ ਕੇ ਰਹਿਣਾ।





www.punjabilibrary.com

# 11 ਜਨਮ-ਦਿਨ



ਆਇਆ ਆਇਆ ਆਇਆ,
ਮੇਰਾ ਜਨਮ-ਦਿਨ ਆਇਆ।
ਖੁਸ਼ੀ-ਖੁਸ਼ੀ ਸਭ ਨੇ ਰਲ ਮਨਾਇਆ।

ਪਾਪਾ ਜੀ ਸੋਹਣਾ ਕੇਕ ਲਿਆਏ।
ਮੰਮੀ ਨੇ ਸੁਆਦੀ ਪਕੌੜੇ ਬਣਾਏ।
ਟਾਫੀਆਂ ਸਕੂਲੇ ਵੰਡ ਮੈਂ ਆਇਆ।
ਆਇਆ ਆਇਆ ਆਇਆ,
ਮੇਰਾ ਜਨਮ-ਦਿਨ ਆਇਆ।

ਦੋਸਤ ਆਪਣੇ ਮੈਂ ਘਰੇ ਬੁਲਾਏ।
ਨੱਚ-ਨੱਚ ਅਸੀਂ ਗੀਤ ਕਈ ਗਾਏ।
ਹਰਨੂਰ,ਨਵੀ ਨੇ ਭੰਗੜਾ ਪਾਇਆ।
ਆਇਆ ਆਇਆ ਆਇਆ,
ਮੇਰਾ ਜਨਮ-ਦਿਨ ਆਇਆ।
ਮਾਮਾ-ਮਾਮੀ ਜੀ ਘਰ ਸਾਡੇ ਆਏ।



www.punjabilibrary.com

ਬਾਲ ਗੀਤਾਂ ਵਾਲੀ ਕਿਤਾਬ ਲਿਆਏ।
ਰੁਹਾਨੀ ਨੇ ਗੀਤ ਪੜ੍ਹ ਸੁਣਾਇਆ।
ਆਇਆ ਆਇਆ ਆਇਆ,
ਮੇਰਾ ਜਨਮ-ਦਿਨ ਆਇਆ।

ਚਾਚਾ-ਚਾਚੀ ਜੀ ਲਿਆਏ ਘੜੀ।
ਗੁੱਟ ਉੱਤੇ ਲੱਗੇ ਸੋਹਣੀ ਬੜੀ।
ਸਭ ਨੂੰ ਤੋਹਫਾ ਮੈਂ ਦਿਖਾਇਆ।
ਆਇਆ ਆਇਆ ਆਇਆ,
ਮੇਰਾ ਜਨਮ-ਦਿਨ ਆਇਆ।

ਦਾਦਾ-ਦਾਦੀ ਜੀ ਦੇਣ ਦੁਆਵਾਂ।
ਵੱਡਿਆਂ ਦੇ ਪੈਰੀਂ ਹੱਥ ਮੈਂ ਲਾਵਾਂ।
ਫੂਕ ਮਾਰ ਮੋਮਬੱਤੀ ਨੂੰ ਬੁਝਾਇਆ।
ਕੇਕ ਕੱਟ ਅਮਰ ਨੇ ਵਰਤਾਇਆ।
ਆਇਆ ਆਇਆ ਆਇਆ,
ਗੁਰਕੀਰਤ ਦਾ ਜਨਮ-ਦਿਨ ਆਇਆ।





www.punjabilibrary.com

## 12 ਸਕੂਲ




ਮੇਰਾ ਸਕੂਲ ਬੜਾ ਹੈ ਸੋਹਣਾ।
ਇਸਦੇ ਵਰਗਾ ਨਾ ਕੋਈ ਹੋਣਾ।
ਇਹ ਹੈ ਸਾਡਾ ਵਿਦਿਆ ਮੰਦਰ।
ਵਿਦਿਆ ਸਿੱਖੋ ਇਸਦੇ ਅੰਦਰ।
ਬਣਿਆ ਪਿੰਡ ਦੇ ਬਾਹਰ ਵੱਲ।
ਜਾਪੇ ਖੜ੍ਹਾ ਜਿਵੇਂ ਕੋਈ ਮਹੱਲ।
ਸਾਡਾ ਜੀਵਨ ਰੁਸ਼ਨਾਉਂਦਾ ਹੈ।
ਚੰਗੀਆਂ ਗੱਲਾਂ ਸਿਖਾਉਂਦਾ ਹੈ।



www.punjabilibrary.com

ਇਮਾਰਤ ਇਸਦੀ ਬੜੀ ਹੀ ਸੋਹਣੀ।
ਫੁੱਲਾਂ ਦੀ ਬਗੀਚੀ ਮਨ ਨੂੰ ਮੋਹਣੀ।
ਇਸ ਵਿੱਚ ਕਮਰੇ ਬਣੇ ਨੇ ਚਾਲੀ।
ਲਾਇਬ੍ਰੇਰੀ ਇਸਦੀ ਦੇਖਣ ਵਾਲੀ।
ਕਮਰੇ ਸਾਰੇ ਸੋਹਣੇ ਰੰਗੇ।
ਮੁੜ-ਮੁੜ ਵੇਖੇ ਜੋ ਵੀ ਲੰਘੇ।
ਸਿੱਖਿਆ ਦਿੰਦੇ ਮਾਟੋ ਨਾਲੇ।
ਨਕਸ਼ੇ, ਮਾਡਲ ਦੇਖਣ ਵਾਲੇ।
ਚਾਂਈ-ਚਾਂਈ ਸਭ ਬੱਚੇ ਆਉਂਦੇ।
ਅਧਿਆਪਕ ਸਾਨੂੰ ਖ਼ੂਬ ਪੜ੍ਹਾਉਂਦੇ।
ਖੁੱਲਾ ਬਣਿਆ ਹੈ ਖੇਡ ਮੈਦਾਨ।
ਅੱਧੀ ਛੁੱਟੀ ਸਭ ਖੇਡਣ ਜਾਣ।
ਮੇਰਾ ਸਕੂਲ ਤਰੱਕੀਆਂ ਮਾਣੇ।
ਪੂਰਾ ਪੰਜਾਬ ਇਸਨੂੰ ਪਛਾਣੇ।
ਅਮਰਪ੍ਰੀਤ ਦਾ ਪਿਆਰਾ ਸਕੂਲ।
ਸਿੱਖੋ ਜ਼ਿੰਦਗੀ ਦੇ ਇੱਥੇ ਅਸੂਲ।





www.punjabilibrary.com

# 13 ਅਧਿਆਪਕ




ਅਧਿਆਪਕ ਸਾਡੇ ਰਾਹ ਦਸੇਰੇ।
ਗਿਆਨ ਵੰਡ ਕਰਨ ਦੂਰ ਹਨੇਰੇ।
ਬੜੇ ਪਿਆਰ ਨਾਲ ਇਹ ਪੜ੍ਹਾਉਂਦੇ।
ਚੰਗੀਆਂ-ਚੰਗੀਆਂ ਗੱਲਾਂ ਸਿਖਾਉਂਦੇ।
ਹੱਥ ਫੜ ਕੇ ਲਿਖਣਾ ਦੱਸਦੇ।
ਬੱਚਿਆਂ ਸੰਗ ਬੱਚੇ ਬਣ ਹੱਸਦੇ।
ਵੱਖ-ਵੱਖ ਰੰਗ ਦੇ ਫੁੱਲ ਉਗਾਉਂਦੇ।
ਸਾਡੀ ਸਾਂਝ ਉਹਨਾਂ ਸੰਗ ਪਾਉਂਦੇ।



www.punjabilibrary.com

ਸਮੇਂ ਸਿਰ ਕੰਮ ਕਰਦੇ ਰਹਿਣ।
ਸਬਰ,ਸੰਤੋਖ ਨਾਲ ਗੱਲਾਂ ਕਹਿਣ।
ਵਾਰ-ਵਾਰ ਹਰ ਗੱਲ ਸਮਝਾਉਂਦੇ।
ਮਿਲਜੁਲ ਰਹਿਣ ਦੀ ਆਦਤ ਪਾਉਂਦੇ।
ਖੇਡਾਂ ਸਾਨੂੰ ਕਈ ਖਿਡਾਉਂਦੇ।
ਗਲਤੀ ਸਾਡੀ ਤੇ ਮੁਸਕਰਾਉਂਦੇ।
ਮਾਪਿਆਂ ਵਾਂਗੂੰ ਕਰਦੇ ਨੇ ਪਿਆਰ।
ਹਰ ਕੰਮ ਲਈ ਰਹਿਣ ਤਿਆਰ।
ਰੱਬ ਜੀ! ਖੁਸ਼ ਇਹਨਾਂ ਨੂੰ ਰੱਖਣਾ।
ਲੰਮੀ ਉਮਰ, ਤੰਦਰੁਸਤੀ ਬਖਸ਼ਣਾ।
ਅਮਰ ਨੂੰ ਲਗਦੇ ਬੜੇ ਪਿਆਰੇ।
ਖੁਸ਼ੀ-ਖੁਸ਼ੀ ਇਹ ਵੱਸਣ ਸਾਰੇ।





www.punjabilibrary.com

# 14 ਸੂਰਜੀ ਪਰਿਵਾਰ



ਸੂਰਜ ਦੁਆਲੇ ਗ੍ਰਹਿ ਕੱਢਦੇ ਗੇੜੇ।
ਬੁੱਧ ਗ੍ਰਹਿ ਘੁੰਮੇ ਸੂਰਜ ਦੇ ਨੇੜੇ।
ਸ਼ੁੱਕਰ ਇਸਦੇ ਬਾਅਦ ਹੈ ਆਉਂਦਾ।
ਗ੍ਰਹਿ ਚਮਕੀਲਾ ਇਹ ਕਹਿਲਾਉਂਦਾ।
ਧਰਤੀ ਦਾ ਫਿਰ ਨੰਬਰ ਆਏ।
ਸੂਰਜ ਦੁਆਲੇ ਇਹ ਘੁੰਮੀ ਜਾਏ।
ਲਾਲ ਗ੍ਰਹਿ ਮੰਗਲ ਨੂੰ ਕਹਿੰਦੇ।
ਆਪਣੇ ਆਪ ਗ੍ਰਹਿ ਘੁੰਮਦੇ ਰਹਿੰਦੇ।



www.punjabilibrary.com

ਸਭ ਤੋਂ ਵੱਡੇ ਗ੍ਰਹਿ ਦੀ ਹੁਣ ਵਾਰੀ।
ਬ੍ਰਹਿਸਪਤੀ ਆਖੇ ਦੁਨੀਆਂ ਸਾਰੀ।
ਲੱਕ ਦੁਆਲੇ ਛੱਲਾ ਸ਼ਨੀ ਘੁੰਮਾਏ।
ਅਰੁਣ ਗ੍ਰਹਿ ਬਾਅਦ ‘ਚ ਆਏ।
ਅੰਤ ਵਿੱਚ ਵਰੁਣ ਹੈ ਆਉਂਦਾ।
ਪਲੂਟੋ ਨਾ ਹੁਣ ਗ੍ਰਹਿ ਕਹਾਉਂਦਾ।
ਗਰੂਤਾ ਸ਼ਕਤੀ ਨਾਲ ਘੁੰਮੀ ਜਾਂਦੇ।
ਸੂਰਜੀ ਪਰਿਵਾਰ ਇਹ ਕਹਿਲਾਂਦੇ।
ਅਕਾਸ਼ ਗੰਗਾ ਵਿੱਚ ਹਾਂ ਰਹਿੰਦੇ।
ਅਮਰ ਸਰ ਜੀ ਇਹ ਕਹਿੰਦੇ।





www.punjabilibrary.com

## 15 ਨਤੀਜਾ



ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।
ਚੜ੍ਹ ਗਿਆ ਮੈਨੂੰ  ਅੱਜ ਚਾਅ ਮਿੱਤਰੋ।

ਮਨ ਨਾਲ ਕੀਤੀ ਸੀ ਮੈਂ ਪੜ੍ਹਾਈ।
ਮਿਹਨਤ ਮੇਰੀ ਰੰਗ ਲੈ ਕੇ ਆਈ।
ਦਿਨ ਗਿਣ ਰਿਹਾ ਸੀ ਲੰਘਾ ਮਿੱਤਰੋ।
ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।

ਹਰ ਵਿਸ਼ਾ ਚੰਗੀ ਤਰ੍ਹਾਂ ਮੈਂ ਪੜ੍ਹਿਆ।
ਸਕੂਲ ਦਾ ਕੰਮ ਰੋਜ਼ ਪੂਰਾ ਕਰਿਆ।
ਕਿਤਾਬਾਂ ਨੂੰ ਸਾਂਭਾਂ ਨਾਲ ਚਾਅ ਮਿੱਤਰੋ।
ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।



www.punjabilibrary.com

ਲਿਖਾਈ ਦਾ ਰੱਖਿਆ ਪੂਰਾ ਮੈਂ ਧਿਆਨ।
ਵਾਰ-ਵਾਰ ਮਾਸਟਰ ਜੀ ਗੱਲ ਸਮਝਾਣ।
ਹੱਥੋਂ ਵੇਲਾ ਲਈਓ ਨਾ ਗਵਾ ਮਿੱਤਰੋ।
ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।

ਸਾਰਾ ਸਾਲ ਜਿਹੜੇ ਨਹੀਂਓ ਪੜ੍ਹਦੇ।
ਸੁੱਕੇ ਪੱਤੇ ਵਾਂਗ ਜਾਣ  ਉਹ ਝੜਦੇ।
ਨਕਲ ਤੋਂ ਧਿਆਨ ਲਉ ਹਟਾ ਮਿੱਤਰੋ।
ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।

ਨਤੀਜਾ ਸਾਨੂੰ ਅਮਰ ਸਰ ਜੀ ਨੇ ਸੁਣਾਇਆ।
ਰਾਣੋਂ ਦਾ ਦੂਜਾ,ਦੀਪਾ ਤੀਜੇ ਨੰਬਰ ਆਇਆ।
ਮੈਂ ਅੱਵਲ ਦਰਜੇ ਗਿਆ ਆ ਮਿੱਤਰੋ।
ਦਿਨ ਗਿਆ ਨਤੀਜੇ ਵਾਲਾ ਆ ਮਿੱਤਰੋ।
ਚੜ੍ਹ ਗਿਆ ਮੈਨੂੰ  ਅੱਜ ਚਾਅ ਮਿੱਤਰੋ।





www.punjabilibrary.com

# 16 ਹੋਲੀ ਦਾ ਦਿਨ



ਹੋਲੀ ਦਾ ਦਿਨ ਹੈ ਆਇਆ।
ਰੰਗਾਂ ਦਾ ਤਿਉਹਾਰ ਕਹਾਇਆ।

ਗੁੱਗੂ,ਨਵੀ ਨੇ ਭਰ ਪਿਚਕਾਰੀ।
ਇੱਕ ਦੂਜੇ ਦੇ ਉਪੱਰ ਮਾਰੀ।
ਹਰਨੂਰ ਵੀ ਰੰਗ ਲਿਆਇਆ।
ਹੋਲੀ ਦਾ ਦਿਨ ਹੈ ਆਇਆ।

ਹੈਰੀ,ਹਰਸ਼,ਰਮਨ ਵੀ ਆਏ।
ਕਿੰਨੇ ਸਾਰੇ ਰੰਗ ਲਿਆਏ।
ਸਭ ਨੂੰ ਚਾਅ ਚੜ੍ਹ ਆਇਆ।
ਹੋਲੀ ਦਾ ਦਿਨ ਹੈ ਆਇਆ।

ਹੱਥ ਵਿੱਚ ਫੜਿਆ ਰੰਗ ਪੀਲਾ।
ਕਿਸੇ ਦੇ ਕੋਲ ਲਾਲ ਤੇ ਨੀਲਾ।
ਕੁਝ ਨੇ ਰੰਗ ਬੋਝੇ ਪਾਇਆ।
ਹੋਲੀ ਦਾ ਦਿਨ ਹੈ ਆਇਆ।



www.punjabilibrary.com

ਇੱਕ ਦੂਜੇ ਤੇ ਰੰਗ ਪਾਈ ਜਾਂਦੇ।
ਰਲ ਕੇ ਤਿਉਹਾਰ ਮਨਾਈ ਜਾਂਦੇ।
ਸਭ ਦੇ ਮਨ ਨੂੰ ਇਹ ਭਾਇਆ।
ਹੋਲੀ ਦਾ ਦਿਨ ਹੈ ਆਇਆ।

ਰੂਹਾਨੀ, ਰੇਹਾਨ ਖੇਡਣ ਹੋਲੀ।
ਸੋਹਣੀ ਲੱਗੇ ਬਾਲਾਂ ਦੀ ਟੋਲੀ।
ਨੱਚ ਨੱਚ ਖੋਰੂ ਬੜਾ ਪਾਇਆ।
ਹੋਲੀ ਦਾ ਦਿਨ ਹੈ ਆਇਆ।

ਬੱਚਿਓ! ਸਦਾ ਰਲ ਕੇ ਰਹਿਣਾ।
ਮਾਪਿਆਂ ਦਾ ਸਦਾ ਮੰਨੋ ਕਹਿਣਾ।
ਅਮਰ ਨੇ ਸਭ ਨੂੰ ਸਮਝਾਇਆ।
ਹੋਲੀ ਦਾ ਦਿਨ ਹੈ ਆਇਆ।





www.punjabilibrary.com

# 17 ਸਿਹਤ ਬਣਾਈਏ



ਤਾਜ਼ੀਆਂ ਸਬਜ਼ੀਆਂ ਤੇ ਫਲ ਖਾਓ।
ਦੁੱਧ ਪੀਓ ਤੇ ਸਿਹਤ ਬਣਾਓ।
ਰੋਟੀ ਨਿੱਤ ਸਮੇਂ ਸਿਰ ਖਾਈਏ।
ਆਉ ਬੱਚਿਓ! ਸਿਹਤ ਬਣਾਈਏ।

ਰੋਜ਼ ਸਵੇਰੇ ਜਲਦੀ ਉੱਠ ਜਾਓ।
ਸੈਰ ਕਰਨ ਦੀ ਆਦਤ ਪਾਓ।
ਦਾਤਣ ਕਰ ਕੇ ਫਿਰ ਨਹਾਈਏ।
ਆਉ ਬੱਚਿਓ! ਸਿਹਤ ਬਣਾਈਏ।

ਚਿਪਸ,ਨੂਡਲਜ਼ ਤੋਂ ਕਰੋ ਬਚਾਓ।
ਚਾਕਲੇਟ, ਟਾਫੀ ਘੱਟ ਹੀ ਖਾਓ।
ਆਪਣੇ ਦੰਦਾਂ ਨੂੰ ਆਪ ਬਚਾਈਏ।
ਆਉ ਬੱਚਿਓ! ਸਿਹਤ ਬਣਾਈਏ।

ਅਣ-ਢੱਕਿਆ ਭੋਜਨ ਨਾ ਖਾਓ।
ਖਾਣ ਤੋਂ ਪਹਿਲਾਂ ਹੱਥ ਧੋ ਆਓ।
ਚੰਗੀਆਂ ਆਦਤਾਂ ਨੂੰ ਅਪਣਾਈਏ।
ਆਉ ਬੱਚਿਓ! ਸਿਹਤ ਬਣਾਈਏ।

ਘਿਉ, ਦਹੀਂ ਤੇ ਮੱਖਣ ਖਾਓ।
ਖਾਣੇ ਵਿੱਚ ਵੀ ਦਾਲ ਬਣਾਓ।
ਘਰ ਦਾ ਬਣਿਆ ਭੋਜਨ ਖਾਈਏ ।
ਆਉ ਬੱਚਿਓ! ਸਿਹਤ ਬਣਾਈਏ।

ਸਾਡੀ ਸਿਹਤ ਹੈ ਸਾਡਾ ਗਹਿਣਾ।
ਅਮਰਪ੍ਰੀਤ ਦਾ ਇਹੀਓ ਕਹਿਣਾ।
ਸਭ ਨੂੰ ਇਹ ਗੱਲ ਸਮਝਾਈਏ।
ਆਉ ਬੱਚਿਓ! ਸਿਹਤ ਬਣਾਈਏ।





www.punjabilibrary.com


# 18 ਗਣਤੰਤਰ ਦਿਵਸ




ਗਣਤੰਤਰ ਦਿਵਸ ਹੈ ਆਇਆ।
26 ਜਨਵਰੀ ਨੂੰ ਮਨਾਇਆ।
ਲਾਗੂ ਹੋਇਆ ਸੀ ਸੰਵਿਧਾਨ।
ਸਭ ਭਾਰਤੀਆ ਕੀਤਾ ਪ੍ਰਵਾਨ।
ਬਾਬਾ ਸਾਹਿਬ ਨੇ ਬਣਾਇਆ।
ਦੋ ਸਾਲ, ਮਹੀਨੇ ਗਿਆਰਾਂ।
ਨਾਲੇ ਲੱਗੇ ਸੀ ਦਿਨ ਅਠਾਰਾਂ।
ਲਾਗੂ 1950 ‘ਚ ਕਰਾਇਆ।
ਸਭ ਨੂੰ ਮਿਲ ਗਏ ਪੂਰੇ ਹੱਕ।
ਮਨ ‘ਚ ਭੇਦ ਭਾਵ ਨਾ ਰੱਖ।
ਊਚ-ਨੀਚ ਦਾ ਭੇਦ ਮਿਟਾਇਆ।
ਦਿੱਲੀ ਜਾ ਕੇ ਦੇਖੋ ਪਰੇਡ।
ਤੁਰਦੇ ਫ਼ੌਜੀ ਲਾ ਕੇ ਹੇਕ।
ਤਿਰੰਗੇ ਨੂੰ ਸੀਸ ਝੁਕਾਇਆ।
ਪੜ੍ਹ ਲਿਖ ਕੇ ਮੰਜ਼ਿਲ ਪਾਈਏ।
ਦੇਸ ਸੇਵਾ ’ਚ ਜ਼ਿੰਦੜੀ ਲਾਈਏ।
ਅਮਰਪ੍ਰੀਤ ਨੇ ਗਾਣਾ ਗਾਇਆ।



www.punjabilibrary.com






ਅਮਰਪ੍ਰੀਤ ਸਿੰਘ ਝੀਤਾ ਪੰਜਾਬੀ ਬਾਲ ਸਾਹਿਤ ਦਾ ਜਾਣਿਆ ਪਛਾਣਿਆ ਨਾਂ ਹੈ,ਜਿਸ ਦੀਆਂ ਪਹਿਲੀਆਂ ਪ੍ਰਕਾਸ਼ਿਤ ਪੁਸਤਕਾਂ ਨੂੰ ਬਾਲ ਪਾਠਕਾਂ ਦਾ ਚੰਗਾ ਹੁੰਗਾਰਾ ਮਿਲਿਆ ਹੈ। ਹੁਣ ਅਮਰਪ੍ਰੀਤ ਸਿੰਘ ਝੀਤਾ ਨੇ ਫਿਰ ਬਾਲ ਮਨਾਂ ਦੇ ਸੁਪਨਿਆਂ,ਇੱਛਾਵਾਂ,ਬੇਪਰਵਾਹੀਆਂ ਅਤੇ ਨਿੱਕੀਆਂ ਮਿੱਠੀਆਂ ਸ਼ਰਾਰਤਾਂ ਨੂੰ ਆਪਣੀ ਤੀਜੀ ਪੁਸਤਕ "ਕਾਕਾ ਬੱਲੀ" ਦੇ ਗੀਤਾਂ ਰਾਹੀਂ ਰੂਪਮਾਨ ਕਰਨ ਦਾ ਯਤਨ ਕੀਤਾ ਹੈ।

ਅਮਰਪ੍ਰੀਤ ਸਿੰਘ ਝੀਤਾ ਅਧਿਆਪਨ ਕਿੱਤੇ ਨਾਲ ਜੁੜਿਆ ਹੋਇਆ ਹੋਣ ਕਰਕੇ ਬਾਲ ਭਾਵਨਾਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਬਾਖੂਬੀ ਸਮਝਦਾ ਹੈ ਅਤੇ ਗੀਤਾਂ ਰਾਹੀਂ ਉਹਨਾਂ ਦਾ ਹੱਲ ਵੀ ਸੁਝਾਉਂਦਾ ਹੈ।ਇਸ ਪੁਸਤਕ ਵਿੱਚ ਕਾਕਾ ਬੱਲੀ ਵਰਗੇ ਨੰਨ੍ਹੇ ਤੇ ਨਿੱਕੇ ਨਿੱਕੇ ਬਾਲ ਉਸਦੇ ਸਾਥੀ ਬਣਦੇ ਹਨ।ਇਸ ਤੋਂ ਇਲਾਵਾ ਉਹ ਕੇਲਾ,ਸਪੇਰਾ,ਮਦਾਰੀ,ਹੋਲੀ,ਗਣਤੰਤਰ ਦਿਵਸ ਆਦਿ ਵਿਸ਼ਿਆਂ ਨੂੰ ਕਵਿਤਾ ਜਾਂ ਗੀਤ ਦਾ ਰੂਪ ਦੇ ਦਿੰਦਾ ਹੈ।ਉਹ ਚੱਕਰ,ਗੋਲੇ,ਆਇਤ,ਵਰਗ ਆਦਿ ਬਾਰੇ ਵੀ ਕਵਿਤਾ ਘੜਦਾ ਹੈ ਅਤੇ ਦੂਜੇ ਪਾਸੇ ਅਧਿਆਪਕ ਜਾਂ ਸਕੂਲ ਨਾਲ ਸੰਬੰਧਿਤ ਦੂਜੀਆਂ ਵਸਤਾਂ ਨੂੰ ਵੀ ਆਧਾਰ ਬਣਾਉਂਦਾ ਹੈ।

ਉਸ ਦੇ ਗੀਤਾਂ ਵਿੱਚ ਬਾਲਾਂ ਨੂੰ ਆਸਾਨੀ ਨਾਲ ਸਮਝ ਆਉਣ ਵਾਲੀ ਭਾਸ਼ਾ,ਲੈਅ,ਤਾਲ ਅਤੇ ਰਵਾਨੀ ਦਾ ਇਸਤੇਮਾਲ ਕੀਤਾ ਗਿਆ ਹੈ।ਇਹਨਾਂ ਗੀਤਾਂ ਵਿੱਚ ਮਨੋਰੰਜਨ ਵੀ ਹੈ ਅਤੇ ਸੇਧ ਵੀ।ਉਹ ਉਪਦੇਸ਼ ਵੀ ਲੁਪਤ ਢੰਗ ਨਾਲ ਦਿੰਦਾ ਹੈ।ਅਜਿਹੇ ਢੰਗ ਨਾਲ ਕਿ ਪਾਠਕ ਪੜ੍ਹਦਾ-ਪੜ੍ਹਦਾ ਸੁਤੇ ਸਿੱਧ ਹੀ ਗੀਤ ਜਾਂ ਕਵਿਤਾ ਵਿੱਚ ਛੁਪੀ ਹੋਈ ਸਿੱਖਿਆ ਜਾਂ ਉਪਦੇਸ਼ ਨੂੰ ਗ੍ਰਹਿਣ ਕਰ ਲੈਂਦਾ ਹੈ।ਇਹ ਮਿਆਰੀ ਬਾਲ ਸਾਹਿਤ ਦੀ ਵਿਸ਼ੇਸ਼ਤਾ ਹੈ।ਮੇਰਾ ਯਕੀਨ ਹੈ ਕਿ ਅਮਰਪ੍ਰੀਤ ਸਿੰਘ ਝੀਤਾ ਦੇ ਇਹ ਬਾਲ ਗੀਤ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਚੰਗੇ ਨਾਗਰਿਕ ਬਣਨ ਦੀ ਪ੍ਰੇਰਣਾ ਦੇਣਗੇ ਅਤੇ ਉਹਨਾਂ ਦੇ ਮਨ ਵਿੱਚ ਸਿਰਜਣਾਤਮਕ-ਸੋਚ ਦਾ ਬੂਟਾ ਉਗਮੇਗਾ,ਜਿਸਦਾ ਲਾਭ ਪੰਜਾਬੀ ਬਾਲ ਸਾਹਿਤ ਨੂੰ ਹੋਵੇਗਾ।

ਮੇਰੀਆਂ ਅਜ਼ੀਜ਼ ਅਮਰਪ੍ਰੀਤ ਸਿੰਘ ਝੀਤਾ ਲਈ ਸ਼ੁਭ ਕਾਮਨਾਵਾਂ!



ਡਾ. ਦਰਸ਼ਨ ਸਿੰਘ ਆਸ਼ਟ
ਸਾਹਿਤ ਅਕਾਦਮੀ ਅਵਾਰਡੀ,
ਪੰਜਾਬੀ ਯੂਨੀਵਰਸਿਟੀ ਕੈਂਪਸ,
ਪਟਿਆਲਾ-147001
ਮੋਬਾ. 9814423703
email: dsaasht@yahoo.co.in



www.punjabilibrary.com